# RETHINK ROAMING

## ਆਪਣੀ ਬਿੱਲੀ ਨੂੰ ਘਰ ਵਿੱਚ ਸੁਰੱਖਿਅਤ ਅਤੇ ਖੁਸ਼ ਰੱਖੋ



### ਇਹ ਕਿਵੇਂ ਕਰਨਾ ਹੈ:

- ਆਪਣੀ ਬਿੱਲੀ ਨੂੰ ਪਿੰਜਰੇ ਜਾਂ ਸੁਰੱਖਿਅਤ ਘੇਰੇ ਵਿੱਚ ਰੱਖੋ
- ਇੱਕ ਮਜ਼ੇਦਾਰ ਅਤੇ ਸੰਵਰੀ ਹੋਈ ਬਾਹਰੀ ਜਗ੍ਹਾ ਬਣਾਓ

RSPCA Victoria

Catnets

# ਵਿਸ਼ਾ-ਸੂਚੀ


ਕੀ ਤੁਸੀਂ ਘਰ ਨਵੀਂ ਬਿੱਲੀ ਲਿਆ ਰਹੇ ਹੋ? ਵਿਚਾਰਨ ਵਾਲੀਆਂ ਗੱਲਾਂ ........ 3

ਬਿੱਲੀ ਦੇ ਇੱਧਰ-ਉੱਧਰ ਘੁੰਮਣ-ਫਿਰਨ ਬਾਰੇ ਦੁਬਾਰਾ ਸੋਚੋ: ਜਿਗਿਆਸਾ ਕਾਰਨ ਆਪਣੀ ਬਿੱਲੀ ਨੂੰ ਖ਼ਤਰੇ ਵਿੱਚ ਨਾ ਪੈਣ ਦਿਓ ........ 5

ਬਿੱਲੀ ਦੇ ਬਾਹਰੀ ਪਿੰਜਰੇ ਦੀ ਵਰਤੋਂ ਕਰਕੇ ਆਪਣੀ ਬਿੱਲੀ ਅਤੇ ਜੰਗਲੀ ਜੀਵਾਂ ਦੀ ਸੁਰੱਖਿਆ ਕਰਨਾ........ 5

ਮਾਈਕ੍ਰੋਚਿੱਪਿੰਗ........ 7

ਆਪਣੀ ਬਿੱਲੀ ਦੀ ਨਸਬੰਦੀ ਕਰਵਾਉਣਾ ........ 8

ਟੀਕਾਕਰਨ ਅਤੇ ਬਿਮਾਰੀਆਂ ........ 9

ਸਮੁੱਚੀ ਤੰਦਰੁਸਤੀ ........ 11






# ਕੀ ਤੁਸੀਂ ਘਰ ਨਵੀਂ ਬਿੱਲੀ ਲਿਆ ਰਹੇ ਹੋ? ਵਿਚਾਰਨ ਵਾਲੀਆਂ ਗੱਲਾਂ

ਹਰ ਸਾਲ ਹਜ਼ਾਰਾਂ ਹੀ ਬਿੱਲੀਆਂ ਅਤੇ ਬਲੂੰਗੜੇ ਭਲਾਈ ਸੰਸਥਾਵਾਂ ਜਾਂ ਕੌਂਸਲ ਦੇ ਪਸ਼ੂ-ਘਰਾਂ (ਪੌਂਡਾਂ) ਨੂੰ ਸੌਂਪ ਦਿੱਤੇ ਜਾਂਦੇ ਹਨ ਕਿਉਂਕਿ ਉਨ੍ਹਾਂ ਦੇ ਮਾਲਕ ਉਨ੍ਹਾਂ ਦੀ ਦੇਖਭਾਲ ਕਰਨ ਦਾ ਖ਼ਰਚਾ ਨਹੀਂ ਝੱਲ ਸਕਦੇ ਹਨ। ਗੁੰਮ ਹੋਈਆਂ ਅਤੇ ਫੜ੍ਹਕੇ ਜ਼ਬਤ ਕੀਤੀਆਂ ਗਈਆਂ ਬਿੱਲੀਆਂ ਵੀ ਸ਼ੈਲਟਰਾਂ (ਆਸਰਾ ਸਥਾਨਾਂ) ਵਿੱਚ ਪਹੁੰਚ ਸਕਦੀਆਂ ਹਨ ਅਤੇ ਦੁੱਖ ਦੀ ਗੱਲ ਇਹ ਹੈ ਕਿ ਇਨ੍ਹਾਂ ਵਿੱਚੋਂ ਬਹੁਤ ਸਾਰੀਆਂ ਬਿੱਲੀਆਂ ਕਦੇ ਵੀ ਉਨ੍ਹਾਂ ਦੇ ਘਰ ਵਾਪਸ ਨਹੀਂ ਜਾਂਦੀਆਂ ਹਨ। ਦਰਅਸਲ, 10 ਵਿੱਚੋਂ 9 ਗੁਆਚੀਆਂ ਹੋਈਆਂ ਬਿੱਲੀਆਂ ਕਦੇ ਵੀ ਆਪਣੇ ਪਰਿਵਾਰ ਨਾਲ ਨਹੀਂ ਮਿਲਦੀਆਂ ਹਨ।

## ਬਿੱਲੀ ਨੂੰ ਗੋਦ ਲੈਣ ਬਾਰੇ ਵਿਚਾਰ ਕਰੋ:

ਬ੍ਰੀਡਰ (ਬਿੱਲੀਆਂ ਪਾਲਣ ਵਾਲੇ) ਜਾਂ ਹੋਰ ਤਰੀਕਿਆਂ ਰਾਹੀਂ ਬਿੱਲੀ ਖ਼ਰੀਦਣ ਦੀ ਬਜਾਏ ਕਿਸੇ ਰੈਸਕਿਊ ਸ਼ੈਲਟਰ ਤੋਂ ਬਿੱਲੀ ਗੋਦ ਲੈਣ ਦੀ ਚੋਣ ਕਰਕੇ, ਤੁਸੀਂ ਇਨ੍ਹਾਂ ਬਿੱਲੀਆਂ ਨੂੰ ਬਚਾਉਣ ਵਿੱਚ ਅਤੇ ਪਾਲਤੂ ਜਾਨਵਰਾਂ ਦੀ ਗਿਣਤੀ ਨੂੰ ਕੰਟਰੋਲ ਕਰਨ ਵਿੱਚ ਮੱਦਦ ਕਰ ਸਕਦੇ ਹੋ।

ਇਹ ਜਾਣਨਾ ਮਹੱਤਵਪੂਰਨ ਹੈ ਕਿ ਜਦੋਂ ਬਿੱਲੀਆਂ ਨੂੰ ਪਿੰਜਰੇ ਜਾਂ ਸੁਰੱਖਿਅਤ ਘੇਰੇ ਵਿੱਚ ਰੱਖਿਆ ਜਾਂਦਾ ਹੈ ਅਤੇ ਉਨ੍ਹਾਂ ਨੂੰ ਘੁੰਮਣ ਦੀ ਆਜ਼ਾਦੀ ਨਹੀਂ ਹੁੰਦੀ, ਤਾਂ ਉਹ 20 ਸਾਲ ਤੱਕ ਜੀ ਸਕਦੀਆਂ ਹਨ। ਇਸ ਲਈ, ਆਪਣੀ ਬਿੱਲੀ ਨੂੰ ਘਰ ਲਿਆਉਣ ਤੋਂ ਪਹਿਲਾਂ ਇਹ ਯਕੀਨੀ ਬਣਾਓ ਕਿ ਤੁਸੀਂ ਭਾਵਨਾਤਮਕ ਅਤੇ ਵਿੱਤੀ ਤੌਰ 'ਤੇ ਇਸ ਤਰ੍ਹਾਂ ਦੀ ਲੰਬੀ ਸਮੇਂ ਦੀ ਜ਼ਿੰਮੇਵਾਰੀ ਨਿਭਾਉਣ ਲਈ ਤਿਆਰ ਹੋ।

## ਵਿਚਾਰ ਕਰੋ ਕਿ ਤੁਹਾਡੀ ਬਿੱਲੀ ਤੁਹਾਡੇ ਜੀਵਨ-ਢੰਗ ਵਿੱਚ ਕਿਵੇਂ ਫਿੱਟ ਬੈਠੇਗੀ:

ਬਾਲੀਨੀਜ਼, ਬਰਮੀਜ਼, ਪਰਸ਼ੀਅਨ ਜਾਂ ਮੋਗੀ। ਸਾਰੀਆਂ ਬਿੱਲੀਆਂ ਇੱਕੋ ਜਿਹੀਆਂ ਨਹੀਂ ਹੁੰਦੀਆਂ ਹਨ। ਬਿੱਲੀਆਂ ਵੱਖ-ਵੱਖ ਆਕਾਰਾਂ ਅਤੇ ਵੱਖ-ਵੱਖਰੇ ਸੁਭਾਅ ਵਾਲੀਆਂ ਹੁੰਦੀਆਂ ਹਨ।

ਆਪਣੀ ਬਿੱਲੀ ਚੁਣਨ ਤੋਂ ਪਹਿਲਾਂ, ਖੋਜ ਅਤੇ ਤਿਆਰੀ ਕਰਨਾ ਬਹੁਤ ਮਹੱਤਵਪੂਰਨ ਹੈ।

ਇਹ ਮਹੱਤਵਪੂਰਨ ਹੈ ਕਿ ਤੁਸੀਂ ਨਵੀਂ ਬਿੱਲੀ ਘਰ ਲਿਆਉਣ ਤੋਂ ਪਹਿਲਾਂ ਆਪਣੀ ਰਹਿਣ-ਸਹਿਣ ਦੀ ਸਥਿਤੀ, ਘਰ, ਜਗ੍ਹਾ ਅਤੇ ਜੀਵਨ-ਢੰਗ 'ਤੇ ਵਿਚਾਰ ਕਰੋ। ਇਸ ਲਈ, ਭਾਵੇਂ ਤੁਸੀਂ ਸਿਆਮੀ ਜਾਂ ਮੋਗੀ ਕਿਸਮ ਦੀ ਬਿੱਲੀ ਘਰ ਲਿਆ ਰਹੇ ਹੋ, ਉਹਨਾਂ ਦੀਆਂ ਲੋੜਾਂ ਬਾਰੇ ਖੋਜ ਕਰਨਾ ਅਤੇ ਸਿੱਖਣਾ ਯਕੀਨੀ ਬਣਾਓ ਅਤੇ ਉਨ੍ਹਾਂ ਦੇ ਆਉਣ ਲਈ ਤਿਆਰੀ ਕਰੋ।

## ਆਪਣੀ ਬਿੱਲੀ ਦੀਆਂ ਲੋੜਾਂ 'ਤੇ ਵਿਚਾਰ ਕਰੋ:

ਬਿੱਲੀਆਂ ਕਈ ਆਕਾਰਾਂ, ਵਾਲਾਂ ਅਤੇ ਰੰਗਾਂ ਵਿੱਚ ਆਉਂਦੀਆਂ ਹਨ, ਪਰ ਇਨ੍ਹਾਂ ਲਈ ਇੱਕ ਗੱਲ ਸਾਂਝੀ ਹੈ। ਹਰ ਬਿੱਲੀ ਨੂੰ ਸਿਰਫ਼ ਖਾਣੇ ਅਤੇ ਕਦੇ-ਕਦਾਈਂ ਗਲੇ ਮਿਲਣ ਤੋਂ ਇਲਾਵਾ ਹੋਰ ਵੀ ਬਹੁਤ ਕੁੱਝ ਦੀ ਲੋੜ ਹੁੰਦੀ ਹੈ। ਬਿੱਲੀਆਂ ਦਾ 95% ਤੋਂ ਵੱਧ DNA ਚੀਤੇ ਵਾਲਾ ਹੀ ਹੁੰਦਾ ਹੈ। ਉਹ ਜ਼ਿਆਦਾਤਰ ਲੋਕਾਂ ਦੀ ਸੋਚ ਨਾਲੋਂ ਵਧੇਰੇ ਗੁੰਝਲਦਾਰ ਹੁੰਦੀਆਂ ਹਨ। ਇਹ ਬਹੁਤ ਜ਼ਰੂਰੀ ਹੈ ਕਿ ਤੁਸੀਂ ਆਪਣੀ ਬਿੱਲੀ ਦੀਆਂ ਲੋੜਾਂ ਨੂੰ ਸਮਝੋ ਤਾਂ ਜੋ ਉਸਦੀ ਠੀਕ ਤਰ੍ਹਾਂ ਦੇਖਭਾਲ ਕਰ ਸਕੋ, ਅਤੇ ਮਨੁੱਖਾਂ ਵਾਂਗ ਹੀ ਬਿੱਲੀਆਂ ਦੀਆਂ ਲੋੜਾਂ ਅਤੇ ਵਿਵਹਾਰ ਉਨ੍ਹਾਂ ਦੇ ਜੀਵਨਕਾਲ ਦੌਰਾਨ ਬਦਲਦੇ ਰਹਿੰਦੇ ਹਨ।

### ਮੁੱਢਲੀਆਂ ਲੋੜਾਂ:

- ਖਾਣਾ ਅਤੇ ਪਾਣੀ
- ਲਿਟਰ ਟ੍ਰੇ ( ਬਿੱਲੀ ਦਾ ਪਖ਼ਾਨਾ)
- ਬੈੱਡ
- ਗ੍ਰੂਮਿੰਗ ਬੁਰਸ਼ (ਬਿੱਲੀ ਦੇ ਵਾਲਾਂ ਸਾਫ਼ ਕਰਨ ਵਾਲਾ ਕੰਘਾ)
- ਖਿਡੌਣੇ ਅਤੇ ਨਹੁੰਦਰਾਂ ਮਾਰਨ ਜਾਂ ਖੁਰਕਣ ਵਾਲਾ ਸਟੈਂਡ

### ਮਨੋਰੰਜਕ ਅਤੇ ਉਤਸ਼ਾਹਿਕ ਗਤੀਵਿਧੀਆਂ:

ਖੋਜ ਦਿਖਾਉਂਦੀ ਹੈ ਕਿ ਮਾਨਸਿਕ ਅਤੇ ਸਰੀਰਕ ਤੌਰ 'ਤੇ ਉਤਸ਼ਾਹਿਤ ਬਿੱਲੀ ਵਧੇਰੇ ਖੁਸ਼ ਅਤੇ ਸਿਹਤਮੰਦ ਰਹਿੰਦੀ ਹੈ ਅਤੇ ਇਸ ਨਾਲ ਉਹ ਜ਼ਿਆਦਾ ਦੇਰ ਤੱਕ ਜੀ ਵੀ ਸਕਦੀ ਹੈ। ਬਿੱਲੀਆਂ ਨੂੰ ਆਪਣੇ ਮਾਨਸਿਕ ਸੰਤੁਲਨ ਅਤੇ ਵਿਵਹਾਰਕ ਪਰਿਪੱਕਤਾ ਲਈ ਰੋਜ਼ਾਨਾ ਗਤੀਵਿਧੀਆਂ ਅਤੇ ਉਤੇਜਨਾ ਦੀ ਲੋੜ ਹੁੰਦੀ ਹੈ। ਖੇਡਣ ਦਾ ਸਮਾਂ ਇੱਕ ਬੇਚੈਨ ਬਿੱਲੀ ਨੂੰ ਆਤਮ-ਵਿਸ਼ਵਾਸੀ ਅਤੇ ਵਧੇਰੇ ਆਰਾਮਦਾਇਕ ਮਹਿਸੂਸ ਕਰਵਾ ਸਕਦਾ ਹੈ।

ਹੇਠਾਂ ਦਿੱਤੀਆਂ ਮਨੋਰੰਜਕ ਅਤੇ ਉਤਸ਼ਾਹਿਕ ਗਤੀਵਿਧੀਆਂ ਅਤੇ ਚੀਜ਼ਾਂ ਬਾਰੇ ਸੋਚੋ:

- ਖਿਡੌਣੇ
- ਪਜ਼ਲ ਫੀਡਰ
- ਚੜ੍ਹਨ ਵਾਲੇ ਦਰੱਖਤ ਅਤੇ ਪਲੇਟਫਾਰਮ
- ਨਹੁੰਦਰਾਂ ਮਾਰਨ ਜਾਂ ਖੁਰਕਣ ਵਾਲਾ ਸਟੈਂਡ
- ਬਿੱਲੀ ਦੇ ਬਾਹਰੀ ਪਿੰਜਰੇ

## ਲਿਟਰ ਪ੍ਰਬੰਧਨ (ਬਿੱਲੀ ਦੇ ਪਖ਼ਾਨੇ ਦਾ ਪ੍ਰਬੰਧਨ)

ਲਿਟਰ ਬਾਕਸ/ਟ੍ਰੇ ਦੀ ਸਿਖਲਾਈ ਆਦਰਸ਼ਕ ਤੌਰ 'ਤੇ ਬਲੂੰਗੜੇ ਨੂੰ ਉਸਦੇ ਜੀਵਨ ਦੇ ਪਹਿਲੇ ਕੁੱਝ ਹਫ਼ਤਿਆਂ ਤੋਂ ਬਾਅਦ ਦਿੱਤੀ ਜਾਣੀ ਚਾਹੀਦੀ ਹੈ।

ਬਾਜ਼ਾਰ ਵਿੱਚ ਕਈ ਕਿਸਮ ਦੀਆਂ ਲਿਟਰ ਟ੍ਰੇਆਂ ਉਪਲਬਧ ਹਨ। ਬਿੱਲੀਆਂ ਆਪਣੇ ਕੁਦਰਤੀ ਸੁਭਾਅ ਦੇ ਆਧਾਰ 'ਤੇ ਢੱਕਣ ਵਾਲੀਆਂ ਲਿਟਰ ਟ੍ਰੇਆਂ ਨਾਲੋਂ ਖੁੱਲ੍ਹੀਆਂ ਟ੍ਰੇਆਂ ਦੀ ਵਰਤੋਂ ਕਰਨਾ ਪਸੰਦ ਕਰ ਸਕਦੀਆਂ ਹਨ। ਉਨ੍ਹਾਂ ਨੂੰ ਪਰਦੇਦਾਰੀ ਦੀ ਚਿੰਤਾ ਨਹੀਂ ਹੁੰਦੀ, ਉਹ ਆਪਣੇ ਆਪ ਨੂੰ ਸੁਰੱਖਿਅਤ ਮਹਿਸੂਸ ਕਰਨਾ ਅਤੇ ਆਪਣੇ ਆਲੇ-ਦੁਆਲੇ ਨੂੰ ਦੇਖਣ ਦੇ ਯੋਗ ਹੋਣਾ ਚਾਹੁੰਦੀਆਂ ਹਨ।

- ਆਪਣੀ ਬਿੱਲੀ ਨੂੰ ਲਿਟਰ ਟ੍ਰੇ ਵਰਤਣ ਲਈ ਜਲਦੀ ਸਿਖਲਾਈ ਦਿਓ
- ਆਪਣੇ ਅਤੇ ਆਪਣੀ ਬਿੱਬ ਬਿੱਲੀ ਲਈ ਸਭ ਤੋਂ ਵਧੀਆ ਲਿਟਰ ਚੁਣੋ
- ਲਿਟਰ ਨੂੰ ਰੋਜ਼ਾਨਾ ਸਾਫ਼ ਕਰੋ ਅਤੇ ਜ਼ਰੂਰਤ ਮੁਤਾਬਕ ਬਦਲੋ
- ਘਰ ਵਿੱਚ ਆਲੇ-ਦੁਆਲੇ ਕਈ ਟ੍ਰੇਆਂ ਰੱਖੋ

ਜੇਕਰ ਤੁਹਾਡੇ ਕੋਲ ਕਈ ਬਿੱਲੀਆਂ ਹਨ, ਤਾਂ ਚੰਗੀ ਖ਼ਬਰ ਇਹ ਹੈ ਕਿ ਜ਼ਿਆਦਾਤਰ ਬਿੱਲੀਆਂ ਇੱਕੋ ਲਿਟਰ ਟ੍ਰੇ ਸਾਂਝੀ ਕਰ ਲੈਣਗੀਆਂ, ਹਾਲਾਂਕਿ ਸਾਰੀਆਂ ਬਿੱਲੀਆਂ ਘਰ ਵਿੱਚ ਇੱਕ ਤੋਂ ਵੱਧ ਲਿਟਰ ਟ੍ਰੇ ਹੋਣ ਨੂੰ ਪਸੰਦ ਕਰਦੀਆਂ ਹਨ, ਜਿਹੜੀਆਂ ਵੱਖ-ਵੱਖ ਥਾਵਾਂ 'ਤੇ ਰੱਖੀਆਂ ਹੋਣ ਤਾਂ ਕਿ ਪਖ਼ਾਨੇ ਜਾਣ ਲਈ ਆਪਣੀ ਮਰਜ਼ੀ ਨਾਲ ਥਾਂ ਚੁਣ ਸਕਣ। ਇੱਕ ਟ੍ਰੇ ਜੋ ਪਿਸ਼ਾਬ ਕਰਨ ਲਈ ਵਰਤੀ ਜਾ ਸਕਦੀ ਹੈ, ਅਤੇ ਦੂਜੀ ਮਲ-ਤਿਆਗ ਕਰਨ ਲਈ। ਲਿਟਰ ਟ੍ਰੇਆਂ ਦੀ ਗਿਣਤੀ ਲਈ ਆਮ ਨਿਯਮ ਇਹ ਹੈ ਕਿ ਬਿੱਲੀਆਂ ਦੀ ਗਿਣਤੀ ਤੋਂ ਇੱਕ ਟ੍ਰੇ ਵੱਧ ਹੋਵੇ।



## ਭੋਜਨ ਅਤੇ ਖ਼ੁਰਾਕ:

ਬਿੱਲੀ ਦੀ ਖ਼ੁਰਾਕ ਇੱਕ ਨਿੱਜੀ ਪਸੰਦ ਹੋ ਸਕਦੀ ਹੈ ਜਿਸ ਵਿੱਚ ਤੁਹਾਡੀ ਬਿੱਲੀ ਨੂੰ ਕੀ ਖੁਆਉਣਾ ਹੈ ਅਤੇ ਕੀ ਨਹੀਂ ਖੁਆਉਣਾ ਹੈ, ਇਸ ਬਾਰੇ ਬਹੁਤ ਸਾਰੀ ਜਾਣਕਾਰੀ ਉਪਲਬਧ ਹੈ। ਬਿੱਲੀਆਂ ਦੀ ਸੁੰਘਣ ਸਮਰੱਥਾ ਬਹੁਤ ਤੇਜ਼ ਹੁੰਦੀ ਹੈ, ਜਿਸ ਕਾਰਨ ਉਹ ਭੋਜਨ ਨੂੰ ਲੈ ਕੇ ਬਹੁਤ ਨੱਕਚੜ੍ਹੀਆਂ ਹੋ ਸਕਦੀਆਂ ਹਨ।

- ਆਪਣੀ ਬਿੱਲੀ ਨੂੰ ਰਲਵਾਂ-ਮਿਲਵਾਂ ਬਿੱਲੀ ਦਾ ਗਿੱਲਾ ਅਤੇ ਸੁੱਕਾ ਖਾਣਾ ਦਿਓ
- ਇੱਕੋ ਵਾਰ ਵੱਧ ਖਾਣਾ ਦੇਣ ਦੀ ਬਜਾਏ ਥੋੜ੍ਹਾ-ਥੋੜ੍ਹਾ ਖਾਣਾ ਕਈ ਵਾਰ ਦਿਓ
- ਆਪਣੀ ਬਿੱਲੀ ਦੇ ਖਾਣੇ ਅਤੇ ਪਾਣੀ ਦੇ ਕਟੋਰੇ ਵੱਖਰੇ ਰੱਖੋ

ਤੁਹਾਡੀ ਬਿੱਲੀ ਦੀਆਂ ਭੋਜਨ ਸੰਬੰਧੀ ਲੋੜਾਂ ਉਸਦੀ ਜ਼ਿੰਦਗੀ ਦੇ ਵੱਖ-ਵੱਖ ਪੜਾਵਾਂ ਦੌਰਾਨ ਬਦਲਦੀਆਂ ਰਹਿਣਗੀਆਂ।

ਆਪਣੀ ਬਿੱਲੀ ਨੂੰ ਕੀ ਖੁਆਉਣਾ ਹੈ, ਇਹ ਚੁਣਨ ਤੋਂ ਪਹਿਲਾਂ ਆਪਣੇ ਵੈੱਟਰਨਰੀ ਡਾਕਟਰ (ਪਸ਼ੂਆਂ ਦੇ ਡਾਕਟਰ) ਨਾਲ ਗੱਲ ਕਰੋ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਉਸਨੂੰ ਸਭ ਤੋਂ ਵਧੀਆ ਤਰ੍ਹਾਂ ਦਾ ਭੋਜਨ ਮਿਲ ਰਿਹਾ ਹੈ।

## ਵਿਵਹਾਰਕ:

ਆਪਣੀ ਨਵੀਂ ਬਿੱਲੀ ਨੂੰ ਘਰ ਲਿਆਉਣ ਦੇ ਪਹਿਲੇ 24 ਘੰਟਿਆਂ ਦੌਰਾਨ, ਚਾਹੇ ਇਹ ਮੁਸ਼ਕਲ ਲੱਗੇ, ਆਪਣੀ ਬਿੱਲੀ ਨੂੰ ਉਸਦੀ ਸੁਰੱਖਿਅਤ ਜਗ੍ਹਾ ਵਿੱਚ ਵੱਧ ਤੋਂ ਵੱਧ ਇਕੱਲਿਆਂ ਰਹਿਣ ਦਿਓ ਅਤੇ ਉੱਥੇ ਆਪਣੀ ਮੌਜੂਦਗੀ ਘੱਟ ਰੱਖੋ। ਬਿੱਲੀ ਨਾਲ ਬਹੁਤ ਜ਼ਿਆਦਾ ਖੇਡਣ ਦੀ ਕੋਸ਼ਿਸ਼ ਨਾ ਕਰੋ, ਜਦੋਂ ਤੱਕ ਕਿ ਉਹ ਸਪੱਸ਼ਟ ਤੌਰ 'ਤੇ ਕੋਈ ਖੇਡਣ ਵਾਲਾ ਵਿਵਹਾਰ ਨਾ ਦਿਖਾ ਰਹੀ ਹੋਵੇ।

- ਬਿੱਲੀ ਨੂੰ ਪਿਆਰ ਨਾਲ ਸਹਿਲਾਉਣ ਜਾਂ ਗੋਦੀ ਵਿੱਚ ਲੈਣ ਲਈ ਜ਼ਬਰਦਸਤੀ ਨਾ ਕਰੋ
- ਸ਼ਾਂਤ ਰਹੋ
- ਇੱਕ ਟੱਕ ਲਗਾਕੇ ਨਾ ਵੇਖੋ
- ਜੇਕਰ ਬਿੱਲੀ ਆਪਣੀ ਲੁਕਣ ਵਾਲੀ ਜਗ੍ਹਾ ਅੰਦਰ ਹੈ ਤਾਂ ਉਸਨੂੰ ਨਾ ਹੀ ਖੁਆਓ ਤੇ ਨਾ ਹੀ ਕੋਈ ਟ੍ਰੀਟ ਦਿਓ
- ਜੇਕਰ ਘਰ ਵਿੱਚ ਕੋਈ ਹੋਰ ਬਿੱਲੀ ਹੈ, ਤਾਂ ਉਨ੍ਹਾਂ ਨੂੰ ਆਪਸ ਵਿੱਚ ਹੌਲੀ-ਹੌਲੀ ਮਿਲਵਾਓ

RSPCA ਵਿਕਟੋਰੀਆ ਮੁਫ਼ਤ ਵਿਵਹਾਰ ਸੰਬੰਧੀ ਹੈਲਪਲਾਈਨ ਪ੍ਰਦਾਨ ਕਰਦੀ ਹੈ। ਜੇਕਰ ਤੁਹਾਨੂੰ ਆਪਣੀ ਨਵੀਂ ਬਿੱਲੀ ਨੂੰ ਘਰ ਵਿੱਚ ਰਮਾਉਣ (ਸੈਟਲ ਕਰਨ) ਜਾਂ ਉਸਨੂੰ ਘਰ ਅੰਦਰ ਖੁਸ਼ ਰੱਖਣ ਬਾਰੇ ਕੁੱਝ ਸੁਝਾਅ ਚਾਹੀਦੇ ਹਨ, ਤਾਂ ਤੁਸੀਂ ਇੱਥੇ ਐਪੋਇੰਟਮੈਂਟ ਬੁੱਕ ਕਰ ਸਕਦੇ ਹੋ:

**www.rspcavic.org/free-pet-behaviour-helpline**



# ਬਿੱਲੀ ਦੇ ਇੱਧਰ-ਉੱਧਰ ਘੁੰਮਣ-ਫਿਰਨ ਬਾਰੇ ਦੁਬਾਰਾ ਸੋਚੋ: ਜਿਗਿਆਸਾ ਕਾਰਨ ਆਪਣੀ ਬਿੱਲੀ ਨੂੰ ਖ਼ਤਰੇ ਵਿੱਚ ਨਾ ਪੈਣ ਦਿਓ

## ਜਦੋਂ ਤੁਹਾਡੀ ਬਿੱਲੀ ਇੱਧਰ-ਉੱਧਰ ਫਿਰਦੀ ਹੈ, ਤਾਂ ਉਹ ਤੁਹਾਡੀ ਸੋਚ ਨਾਲੋਂ ਵੱਧ ਖ਼ਤਰੇ ਮੁੱਲ ਲੈਂਦੀ ਹੈ!

ਜਿਨ੍ਹਾਂ ਬਿੱਲੀਆਂ ਨੂੰ ਘੁੰਮਣ-ਫਿਰਨ ਦੀ ਆਜ਼ਾਦੀ ਹੁੰਦੀ ਹੈ:

- ਕਾਰਾਂ ਨਾਲ ਟਕਰਾਉਣ, ਲੜਨ ਅਤੇ ਬਿਮਾਰੀਆਂ ਲੱਗਣ ਵਰਗੇ ਵੱਡੇ ਜੋਖਮਾਂ ਦਾ ਸਾਹਮਣਾ ਕਰਦੀਆਂ ਹਨ
- ਸਥਾਨਕ ਜੰਗਲੀ ਜੀਵਾਂ ਲਈ ਵੱਡਾ ਖ਼ਤਰਾ ਬਣਦੀਆਂ ਹਨ
- ਕਾਫ਼ੀ ਛੋਟੀ ਉਮਰ ਜਿਊਂਦੀਆਂ ਹਨ
- 400% ਵੱਧ ਵੈੱਟ (ਪਸ਼ੂਆਂ ਦੇ ਡਾਕਟਰ) ਦੇ ਬਿੱਲਾਂ ਅਤੇ ਦੌਰਿਆਂ ਦਾ ਸਾਹਮਣਾ ਕਰਦੀਆਂ ਹਨ

**ਆਪਣੇ ਸਥਾਨਕ ਖੇਤਰ ਵਿੱਚ ਜ਼ੋਖਮਾਂ ਨੂੰ ਦੇਖਣ ਲਈ ਇਸ ਇੰਟਰਐਕਟਿਵ ਔਨਲਾਈਨ ਟੂਲ ਦੀ ਵਰਤੋਂ ਕਰੋ, ਨਾਲ ਹੀ ਆਪਣੀ ਬਿੱਲੀ ਨੂੰ ਖੁਸ਼, ਮਨੋਰੰਜਕ ਅਤੇ ਸੁਰੱਖਿਅਤ ਰੱਖਣ ਦੇ ਤਰੀਕੇ ਬਾਰੇ ਮੁਫ਼ਤ ਸਰੋਤ ਲੱਭੋ:**

**www.rethinkroaming.com.au**

## ਆਪਣੀ ਬਿੱਲੀ ਨੂੰ ਬਿੱਲੀ ਵਾਲੇ ਬਾਹਰੀ ਪਿੰਜਰੇ ਨਾਲ ਸੁਰੱਖਿਅਤ ਰੱਖਣਾ:

ਆਪਣੀਆਂ ਬਿੱਲੀਆਂ ਨੂੰ ਘਰ ਵਿੱਚ ਸੁਰੱਖਿਅਤ ਰੱਖਣ ਦਾ ਮਤਲਬ ਇਹ ਨਹੀਂ ਹੈ ਕਿ ਉਨ੍ਹਾਂ ਨੂੰ ਧੁੱਪ ਅਤੇ ਤਾਜ਼ੀ ਹਵਾ ਤੋਂ ਵਾਂਝਾ ਰਹਿਣਾ ਪਵੇ। ਆਪਣੀਆਂ ਬਿੱਲੀਆਂ ਨੂੰ ਬਾਹਰ ਜਾਣ ਦੀ ਆਜ਼ਾਦੀ ਦੇਣ ਨਾਲ ਇਹ ਯਕੀਨੀ ਬਣਦਾ ਹੈ ਕਿ ਉਹ ਤਾਜ਼ੀ ਹਵਾ ਲੈ ਸਕਦੀ ਹੈ, ਸਰਗਰਮ ਰਹਿਣ ਦੇ ਨਾਲ-ਨਾਲ ਗਰਮ ਧੁੱਪ ਵਿੱਚ ਆਰਾਮ ਕਰ ਸਕਦੀ ਹੈ ਅਤੇ ਲੋੜੀਂਦੀ ਕਸਰਤ ਕਰ ਸਕਦੀ ਹੈ।

ਪਰ ਉਹ ਇਸ ਕੰਮ ਨੂੰ ਸੁਰੱਖਿਅਤ ਤਰੀਕੇ ਨਾਲ ਕਿਵੇਂ ਕਰ ਸਕਦੀਆਂ ਹਨ?

ਬਿੱਲੀ ਵਾਲਾ ਪਿੰਜਰਾ ਹੋਣਾ ਬਿੱਲੀਆਂ ਨੂੰ ਸੁਰੱਖਿਅਤ ਢੰਗ ਨਾਲ ਬਾਹਰ ਦੇ ਮਾਹੌਲ ਦਾ ਆਨੰਦ ਲੈਣ ਦੀ ਆਜ਼ਾਦੀ ਦੇਣ ਦੇ ਨਾਲ ਹੀ ਜੰਗਲੀ ਜੀਵਾਂ ਦੀ ਰੱਖਿਆ ਕਰਨ ਦਾ ਇੱਕ ਸ਼ਾਨਦਾਰ ਤਰੀਕਾ ਹੈ।

## ਬਿੱਲੀ ਵਾਲੇ ਪਿੰਜਰੇ ਨਾਲ ਆਪਣੀ ਬਿੱਲੀ ਅਤੇ ਜੰਗਲੀ ਜੀਵਾਂ ਦੀ ਰੱਖਿਆ ਕਰਨਾ:

ਬਿੱਲੀ ਨੂੰ ਪਿੰਜਰੇ ਜਾਂ ਸੁਰੱਖਿਅਤ ਘੇਰੇ ਵਿੱਚ ਰੱਖਣਾ ਸਾਡੇ ਜੰਗਲੀ ਜੀਵਾਂ ਅਤੇ ਬਿੱਲੀਆਂ ਦੀ ਰੱਖਿਆ ਕਰਨ ਲਈ ਬਹੁਤ ਜ਼ਰੂਰੀ ਹੈ, ਅਤੇ ਚੰਗੀ ਖ਼ਬਰ ਇਹ ਹੈ ਕਿ ਬਿੱਲੀਆਂ ਲਈ ਸੁਰੱਖਿਅਤ ਪਨਾਹਗਾਹ ਬਣਾਉਣਾ ਅਤੇ ਜੰਗਲੀ ਜੀਵਾਂ ਦੀ ਰੱਖਿਆ ਕਰਨਾ ਹੁਣ ਪਹਿਲਾਂ ਨਾਲੋਂ ਕਈ ਗੁਣਾ ਆਸਾਨ ਹੋ ਗਿਆ ਹੈ।

Catnets ਚੱਕਵੇਂ ਪਿੰਜਰਿਆਂ ਸਮੇਤ ਵੱਧ ਮਜ਼ਬੂਤੀ ਵਾਲੀਆਂ ਕਈ ਕਿਸਮਾਂ ਦੀਆਂ ਜਾਲੀਆਂ ਪ੍ਰਦਾਨ ਕਰਦਾ ਹੈ, ਜੋ ਤੁਹਾਨੂੰ ਤੁਹਾਡੀਆਂ ਬਿੱਲੀਆਂ ਲਈ ਇੱਕ ਸੁਰੱਖਿਅਤ ਅਤੇ ਭਰੋਸੇਯੋਗ ਬਾਹਰੀ ਜਗ੍ਹਾ ਬਣਾਉਣ ਵਿੱਚ ਮੱਦਦ ਕਰਦੀਆਂ ਹਨ। ਬਹੁਤ ਸਾਰੀਆਂ ਕਿਸਮਾਂ ਦੇ ਚੱਕਵੇਂ ਬਿੱਲੀ ਵਾਲੇ ਪਿੰਜਰੇ, ਜਾਲੀਆਂ ਅਤੇ ਇੰਸਟਾਲੇਸ਼ਨ ਵਾਲੇ ਸਾਜ਼ੋ-ਸਾਮਾਨ ਨਾਲ, Catnets ਕੋਲ ਤੁਹਾਡੇ ਬੈਕਯਾਰਡ, ਪਰਗੋਲਾ ਜਾਂ ਬਾਲਕੋਨੀ ਨੂੰ ਬਿੱਲੀ ਲਈ ਇੱਕ ਸ਼ਾਨਦਾਰ ਭੱਜਣ-ਦੌੜਨ ਦੇ ਸਥਾਨ ਵਿੱਚ ਬਦਲਣ ਲਈ ਸਭ ਕੁੱਝ ਹੈ ਤਾਂ ਜੋ ਤੁਹਾਡੀ ਬਿੱਲੀ ਸੁਰੱਖਿਅਤ ਰਹੇ।

## ਬਿੱਲੀ ਵਾਲੇ ਪਿੰਜਰੇ ਦੇ ਫਾਇਦੇ:

**1. ਸੱਟ ਤੋਂ ਬਚਾਅ**

ਆਪਣੀ ਬਿੱਲੀ ਦੇ ਹੋਰ ਬਿੱਲੀਆਂ ਨਾਲ ਲੜਾਈ-ਝਗੜੇ ਕਰਨ, ਗੁੰਮ ਜਾਣ, ਬਿਮਾਰੀਆਂ ਲੱਗਣ ਅਤੇ ਸਭ ਤੋਂ ਵੱਡੇ ਖ਼ਤਰੇ ਜਿਵੇਂ ਕਿ ਸੱਟ ਲੱਗਣ ਜਾਂ ਵਾਹਨ ਨਾਲ ਟਕਰਾਉਣ ਦੇ ਜ਼ੋਖਮ ਨੂੰ ਘਟਾਓ।

**2. ਵੈੱਟ (ਪਸ਼ੂਆਂ ਦੇ ਡਾਕਟਰ) ਸੰਬੰਧੀ ਬਿੱਲਾਂ ਵਿੱਚ ਕਮੀ**

ਆਪਣੀ ਬਿੱਲੀ ਨੂੰ ਦੂਜੀਆਂ ਬਿੱਲੀਆਂ ਤੋਂ ਬਚਾਓ ਤਾਂ ਜੋ ਫੋੜੇ ਅਤੇ ਬਿਮਾਰੀਆਂ ਹੋਣ ਦਾ ਖ਼ਤਰਾ ਘਟਾਇਆ ਜਾ ਸਕੇ ਅਤੇ ਵੈੱਟ ਕੋਲ ਜਾਣ ਦੀ ਲੋੜ ਘੱਟ ਪਵੇ।


**3. ਖੁਸ਼ ਬਿੱਲੀ**

ਆਪਣੀ ਬਿੱਲੀ ਨੂੰ ਧੁੱਪ ਦਾ ਆਨੰਦ ਲੈਣ ਦਿਓ! ਆਪਣੀ ਬਿੱਲੀ ਨੂੰ ਬਾਹਰ ਇੱਕ ਬੰਦ ਘੇਰੇ ਵਾਲੇ ਖੇਤਰ ਵਿੱਚ ਰੱਖਣਾ ਉਸਨੂੰ ਸੁਰੱਖਿਅਤ, ਉਤਸ਼ਾਹਿਤ ਅਤੇ ਖੁਸ਼ ਰੱਖੇਗਾ।


**4. ਸਾਡੇ ਜੰਗਲੀ ਜੀਵਾਂ ਦੀ ਰੱਖਿਆ ਕਰੋ**

ਆਪਣੀ ਬਿੱਲੀ ਨੂੰ ਪਿੰਜਰੇ ਜਾਂ ਘੇਰੇ ਵਿੱਚ ਰੱਖ ਕੇ ਪੰਛੀਆਂ ਅਤੇ ਸਥਾਨਕ ਜੰਗਲੀ ਜੀਵਾਂ ਦੀ ਰੱਖਿਆ ਕਰੋ।









ਵਧੇਰੇ ਜਾਣਕਾਰੀ ਲਈ, **rethinkroaming.com.au** 'ਤੇ ਜਾਓ; ਇੰਟਰਐਕਟਿਵ ਟੂਲ ਦੀ ਵਰਤੋਂ ਕਰਕੇ ਆਪਣੇ ਇਲਾਕੇ ਵਿੱਚ ਬਿੱਲੀ ਦੀ ਸੁਰੱਖਿਆ ਨਾਲ ਜੁੜੇ ਸਥਾਨਕ ਖ਼ਤਰੇ ਵੇਖੋ ਅਤੇ ਆਪਣੀ ਬਿੱਲੀ ਨੂੰ ਘਰ ਵਿੱਚ ਖੁਸ਼ ਰੱਖਣ ਲਈ ਮੁਫ਼ਤ ਸਰੋਤ ਪ੍ਰਾਪਤ ਕਰੋ।

**ਆਓ, ਇਕੱਠੇ ਮਿਲ ਕੇ ਬਿੱਲੀ ਦੇ ਇੱਧਰ-ਉੱਧਰ ਘੁੰਮਣ-ਫਿਰਨ ਬਾਰੇ ਦੁਬਾਰਾ ਵਿਚਾਰ ਕਰੀਏ ਅਤੇ ਆਪਣੇ ਪਾਲਤੂ ਜਾਨਵਰਾਂ ਦੀ ਰੱਖਿਆ ਕਰੀਏ।**

## ਕਾਨੂੰਨ ਅਨੁਸਾਰ ਬਾਹਰਲੇ ਥਾਂ:

ਕਾਨੂੰਨੀ ਤੌਰ 'ਤੇ, ਵਿਕਟੋਰੀਆ ਵਿੱਚ ਤੁਸੀਂ ਆਪਣੀ ਬਿੱਲੀ ਨੂੰ ਦੂਜੇ ਲੋਕਾਂ ਦੀ ਜਾਇਦਾਦ ਵਿੱਚ ਘੁਸਪੈਠ ਕਰਨ ਨਹੀਂ ਦੇ ਸਕਦੇ ਹੋ। ਜੇਕਰ ਤੁਹਾਡੀ ਬਿੱਲੀ ਤੁਹਾਡੀ ਜਾਇਦਾਦ ਤੋਂ ਬਾਹਰ ਘੁੰਮਦੀ ਮਿਲਦੀ ਹੈ ਅਤੇ ਉਸਦੀ ਪਛਾਣ ਨਹੀਂ ਹੁੰਦੀ ਹੈ, ਤਾਂ ਉਸਨੂੰ ਜ਼ਬਤ ਕੀਤਾ ਜਾ ਸਕਦਾ ਹੈ ਅਤੇ ਕੌਂਸਲ ਦੇ ਪੌਂਡ ਵਿੱਚ ਲਿਜਾਇਆ ਜਾ ਸਕਦਾ ਹੈ। ਕੌਂਸਲ ਦੇ ਪੌਂਡ ਤੋਂ ਆਪਣੀ ਬਿੱਲੀ ਨੂੰ ਵਾਪਸ ਲੈਣ ਵੇਲੇ ਤੁਹਾਨੂੰ ਜੁਰਮਾਨਾ ਭਰਨਾ ਪੈ ਸਕਦਾ ਹੈ।

ਕੁੱਝ ਕੌਂਸਲਾਂ ਕੋਲ ਕੁੱਝ ਖੇਤਰਾਂ ਵਿੱਚ ਬਿੱਲੀਆਂ ਦੇ ਜਾਣ 'ਤੇ ਪਾਬੰਦੀ ਲਗਾਉਣ ਜਾਂ ਕੁੱਝ ਖ਼ਾਸ ਘੰਟਿਆਂ ਦੌਰਾਨ ਬਿੱਲੀਆਂ ਨੂੰ ਲਾਜ਼ਮੀ ਤੌਰ 'ਤੇ ਉਨ੍ਹਾਂ ਦੇ ਮਾਲਕ ਦੀ ਜਾਇਦਾਦ 'ਤੇ ਰੱਖਣ ਦੀ ਸ਼ਰਤ ਵਾਲੇ ਕਾਨੂੰਨ ਵੀ ਹਨ। ਵਧੇਰੇ ਜਾਣਕਾਰੀ ਲਈ ਖੇਤੀਬਾੜੀ ਵਿਕਟੋਰੀਆ (Agriculture Victoria) 'ਤੇ ਜਾਓ।

ਬਿੱਲੀਆਂ ਵੱਲੋਂ ਥਣਧਾਰੀ ਜੀਵਾਂ, ਪੰਛੀਆਂ, ਰੇਂਗਣ ਵਾਲੇ ਜੀਵਾਂ ਅਤੇ ਜਲ ਥਲੀ ਜੀਵਾਂ ਦਾ ਸ਼ਿਕਾਰ ਕਰਨ ਦੇ ਖ਼ਤਰੇ ਤੋਂ ਇਲਾਵਾ, ਬਿੱਲੀਆਂ ਬਿਮਾਰੀਆਂ ਵੀ ਫ਼ੈਲਾ ਸਕਦੀਆਂ ਹਨ, ਜੋ ਸਥਾਨਕ ਜੰਗਲੀ ਜੀਵਾਂ, ਖੇਤੀਬਾੜੀ ਵਾਲੇ ਜਾਨਵਰਾਂ ਅਤੇ ਮਨੁੱਖਾਂ ਨੂੰ ਬਹੁਤ ਪ੍ਰਭਾਵਿਤ ਕਰਦੀਆਂ ਹਨ।

ਮੰਨੋ ਜਾਂ ਨਾ ਮੰਨੋ, ਰਾਤ ਨੂੰ ਗਲੀਆਂ ਵਿੱਚ ਘੁੰਮਣ ਵਾਲੀ ਬਿੱਲੀ ਤੁਹਾਡੀ ਵੀ ਹੋ ਸਕਦੀ ਹੈ।

ਉਸ ਸਮੇਂ ਦੀ ਉਡੀਕ ਨਾ ਕਰੋ ਜਦੋਂ ਤੁਹਾਡਾ ਗੁਆਂਢੀ ਤੁਹਾਡੇ ਦਰਵਾਜ਼ੇ 'ਤੇ ਦਸਤਕ ਦੇ ਕੇ ਸ਼ਿਕਾਇਤ ਕਰੇ ਕਿ ਤੁਹਾਡੀ ਬਿੱਲੀ ਨੇ ਉਨ੍ਹਾਂ ਦੇ ਗੁਲਾਬ ਦੇ ਬੂਟਿਆਂ ਨੂੰ ਤਬਾਹ ਕਰ ਦਿੱਤਾ ਹੈ, ਉਨ੍ਹਾਂ ਦੇ ਬਗੀਚੇ ਵਿੱਚ ਲੱਗੇ ਗਿਠਮੁਠੀਏ ਨੂੰ ਤੋੜ ਦਿੱਤਾ ਹੈ, ਉਨ੍ਹਾਂ ਦੇ ਦਰਵਾਜ਼ੇ 'ਤੇ ਪਿਸ਼ਾਬ ਕੀਤਾ ਹੈ, ਜਾਂ ਇਸਤੋਂ ਵੀ ਵੱਧ ਬੁਰੀ ਖ਼ਬਰ ਦੇਵੇ ਕਿ ਤੁਹਾਡੀ ਬਿੱਲੀ ਸੜਕ 'ਤੇ ਮਾਰੀ ਗਈ ਹੈ।

ਸਹੀ ਕੰਮ ਕਰੋ ਅਤੇ ਯਕੀਨੀ ਬਣਾਓ ਕਿ ਤੁਹਾਡੀ ਬਿੱਲੀ ਨੂੰ ਪਿੰਜਰੇ ਵਿੱਚ ਰੱਖਿਆ ਗਿਆ ਹੈ।

## ਆਪਣੀ ਬਿੱਲੀ ਨੂੰ ਸੁਰੱਖਿਅਤ ਰੱਖਣ ਦੇ ਹੋਰ ਮਹੱਤਵਪੂਰਨ ਤਰੀਕੇ:

ਆਪਣੀ ਬਿੱਲੀ ਨੂੰ ਪਿੰਜਰੇ ਵਿੱਚ ਰੱਖਣ ਤੋਂ ਇਲਾਵਾ, ਤੁਹਾਡੀ ਬਿੱਲੀ ਦੀ ਦੇਖਭਾਲ ਅਤੇ ਉਸਦੀ ਭਲਾਈ ਦੀ ਸੁਰੱਖਿਆ ਕਰਨ ਅਤੇ ਉਸਨੂੰ ਲੰਬੀ ਅਤੇ ਖੁਸ਼ਹਾਲ ਜ਼ਿੰਦਗੀ ਜੀਉਣ ਵਿੱਚ ਮੱਦਦ ਕਰਨ ਦੇ ਹੋਰ ਵੀ ਬਹੁਤ ਸਾਰੇ ਤਰੀਕੇ ਹਨ। ਇਨ੍ਹਾਂ ਵਿੱਚ ਸ਼ਾਮਲ ਹਨ:

- ਮਾਈਕ੍ਰੋਚਿਪਿੰਗ
- ਨਸਬੰਦੀ
- ਟੀਕਾਕਰਨ




# ਮਾਈਕ੍ਰੋਚਿਪਿੰਗ

ਅਫ਼ਸੋਸ ਦੀ ਗੱਲ ਹੈ ਕਿ, 10 ਵਿੱਚੋਂ 9 ਗੁਆਚੀਆਂ ਹੋਈਆਂ ਬਿੱਲੀਆਂ ਕਦੇ ਵੀ ਆਪਣੇ ਪਰਿਵਾਰ ਨਾਲ ਨਹੀਂ ਮਿਲਦੀਆਂ ਹਨ। ਇਹ ਗੱਲ ਬਿੱਲੀ ਨੂੰ ਪਿੰਜਰੇ ਵਿੱਚ ਰੱਖਣ ਦੀ ਮਹੱਤਤਾ ਨੂੰ ਦਰਸਾਉਂਦੀ ਹੈ, ਪਰ ਜੇਕਰ ਤੁਹਾਡੀ ਬਿੱਲੀ ਤੁਹਾਡੀ ਜਾਇਦਾਦ ਤੋਂ ਭੱਜ ਜਾਂਦੀ ਹੈ ਤਾਂ ਉਸਨੂੰ ਸੁਰੱਖਿਅਤ ਤਰੀਕੇ ਨਾਲ ਘਰ ਵਾਪਸ ਲਿਆਉਣ ਲਈ ਉਸਦਾ ਮਾਈਕ੍ਰੋਚਿੱਪ ਹੋਇਆ ਹੋਣਾ ਵੀ ਓਨ੍ਹਾਂ ਹੀ ਮਹੱਤਵਪੂਰਨ ਹੈ।



## ਮੈਨੂੰ ਆਪਣੀ ਬਿੱਲੀ ਨੂੰ ਮਾਈਕ੍ਰੋਚਿੱਪ ਕਿਉਂ ਕਰਵਾਉਣਾ ਚਾਹੀਦਾ ਹੈ?

ਜੇਕਰ ਤੁਹਾਡੀ ਬਿੱਲੀ ਗੁੰਮ ਹੋ ਜਾਂਦੀ ਹੈ, ਤਾਂ ਤਾਜ਼ਾ ਜਾਣਕਾਰੀ ਵਾਲੀ ਰਜਿਸਟਰਡ ਮਾਈਕ੍ਰੋਚਿਪ ਤੁਹਾਡੀ ਬਿੱਲੀ ਨੂੰ ਤੁਹਾਡੇ ਨਾਲ ਦੁਬਾਰਾ ਮਿਲਾਉਣ ਦਾ ਸਭ ਤੋਂ ਪ੍ਰਭਾਵਸ਼ਾਲੀ ਤਰੀਕਾ ਹੈ।

ਜ਼ਿਆਦਾਤਰ ਰਾਜਾਂ ਅਤੇ ਕੇਂਦਰੀ-ਪ੍ਰਦੇਸ਼ਾਂ ਵਿੱਚ, ਕਾਨੂੰਨ ਅਨੁਸਾਰ ਤੁਹਾਨੂੰ ਆਪਣੀ ਬਿੱਲੀ ਨੂੰ ਮਾਈਕ੍ਰੋਚਿੱਪ ਕਰਵਾਉਣਾ ਲਾਜ਼ਮੀ ਹੁੰਦਾ ਹੈ। ਨੌਰਥਰਨ ਟੈਰੀਟਰੀ ਅਤੇ ਤਸਮਾਨੀਆ ਦੇ ਕੁੱਝ ਹਿੱਸਿਆਂ ਵਿੱਚ ਛੋਟਾਂ ਮੌਜੂਦ ਹਨ, ਪਰ ਖ਼ਤਰਾ ਮੁੱਲ ਕਿਉਂ ਲੈਣਾ ਹੈ?

ਆਪਣੀ ਬਿੱਲੀ ਨੂੰ ਮਾਈਕ੍ਰੋਚਿੱਪ ਕਰਵਾਉਣ ਦੇ ਫਾਇਦੇ ਓਨ੍ਹਾਂ ਸਾਰੀਆਂ ਵਜ੍ਹਾਂ ਨਾਲੋਂ ਕਈ ਗੁਣਾ ਵੱਧ ਹਨ, ਜੋ ਤੁਸੀਂ ਮਾਈਕ੍ਰੋਚਿੱਪ ਨਾ ਕਰਵਾਉਣ ਨੂੰ ਲੈ ਕੇ ਸੋਚ ਸਕਦੇ ਹੋ।

ਖ਼ਰਚਾ ਅਤੇ ਸ਼ਰਤਾਂ ਹਰੇਕ ਰਾਜ ਅਨੁਸਾਰ ਵੱਖ-ਵੱਖ ਹੋ ਸਕਦੀਆਂ ਹਨ, ਪਰ ਤੁਹਾਨੂੰ ਆਪਣੀ ਬਿੱਲੀ ਨੂੰ **12 ਹਫ਼ਤਿਆਂ ਦੀ ਉਮਰ ਤੱਕ ਜਾਂ ਉਸਨੂੰ ਵੇਚਣ ਜਾਂ ਕਿਸੇ ਨੂੰ ਦੇਣ ਤੋਂ ਪਹਿਲਾਂ,** ਜੋ ਵੀ ਪਹਿਲਾਂ ਆਏ, ਮਾਈਕ੍ਰੋਚਿੱਪ ਕਰਵਾਉਣਾ ਲਾਜ਼ਮੀ ਹੈ।



ਉਨ੍ਹਾਂ ਰਾਜਾਂ ਵਿੱਚ ਜਿੱਥੇ ਤੁਹਾਡੀ ਬਿੱਲੀ ਨੂੰ ਮਾਈਕ੍ਰੋਚਿੱਪ ਕਰਵਾਉਣਾ ਕਾਨੂੰਨੀ ਤੌਰ 'ਤੇ ਲਾਜ਼ਮੀ ਹੈ, ਜੇਕਰ ਤੁਸੀਂ 12 ਹਫ਼ਤਿਆਂ ਦੀ ਉਮਰ ਤੱਕ ਇਸਨੂੰ ਮਾਈਕ੍ਰੋਚਿੱਪ ਨਹੀਂ ਕਰਵਾਉਂਦੇ ਹੋ ਤਾਂ ਤੁਹਾਨੂੰ ਜੁਰਮਾਨੇ ਦਾ ਨੋਟਿਸ ਜਾਰੀ ਕੀਤਾ ਜਾ ਸਕਦਾ ਹੈ।

ਜੇਕਰ ਤੁਸੀਂ ਘਰ ਬਦਲਦੇ ਹੋ ਜਾਂ ਆਪਣਾ ਫ਼ੋਨ ਨੰਬਰ ਜਾਂ ਈਮੇਲ ਬਦਲਦੇ ਹੋ, ਤਾਂ ਮਾਈਕ੍ਰੋਚਿੱਪ ਡੇਟਾਬੇਸ 'ਤੇ ਆਪਣੇ ਵੇਰਵਿਆਂ ਨੂੰ ਬਦਲਣਾ ਯਾਦ ਰੱਖੋ। ਜੇਕਰ ਤੁਹਾਨੂੰ ਪੱਕਾ ਨਹੀਂ ਪਤਾ ਹੈ ਕਿ ਤੁਹਾਡੀ ਬਿੱਲੀ ਦਾ ਮਾਈਕ੍ਰੋਚਿੱਪ ਕਿਸ ਡੇਟਾਬੇਸ 'ਤੇ ਸੂਚੀਬੱਧ ਹੈ, ਤਾਂ ਤੁਸੀਂ ਇਸ ਵੈੱਬਸਾਈਟ 'ਤੇ ਜਾ ਕੇ ਪਤਾ ਕਰ ਸਕਦੇ ਹੋ - www.petaddress.com.au

ਜ਼ਿਆਦਾਤਰ ਕੌਂਸਲਾਂ ਤੁਹਾਨੂੰ ਆਪਣੀ ਬਿੱਲੀ ਨੂੰ ਰਜਿਸਟਰ ਕਰਵਾਉਣ ਦੀ ਵੀ ਮੰਗ ਕਰਦੀਆਂ ਹਨ। ਲੋੜ ਹੋਣ 'ਤੇ ਆਪਣੀ ਬਿੱਲੀ ਦਾ ਰਜਿਸਟ੍ਰੇਸ਼ਨ ਨਾ ਕਰਵਾਉਣ ਨਾਲ ਵੀ ਜੁਰਮਾਨੇ ਦਾ ਨੋਟਿਸ ਮਿਲ ਸਕਦਾ ਹੈ।

**ਵਧੇਰੇ ਜਾਣਕਾਰੀ ਲਈ ਆਪਣੇ ਵੈੱਟ ਜਾਂ ਸਥਾਨਕ ਕੌਂਸਲ ਨਾਲ ਸੰਪਰਕ ਕਰੋ।**



# ਆਪਣੀ ਬਿੱਲੀ ਦੀ ਨਸਬੰਦੀ ਕਰਵਾਉਣਾ

ਮਾਈਕ੍ਰੋਚਿਪਿੰਗ ਦੀ ਤਰ੍ਹਾਂ ਹੀ, ਆਪਣੀ ਬਿੱਲੀ ਦੀ ਨਸਬੰਦੀ ਕਰਵਾਉਣ ਦੇ ਫਾਇਦੇ ਉਹਨਾਂ ਸਾਰੀਆਂ ਵਜ੍ਹਾਂ ਨਾਲੋਂ ਕਈ ਗੁਣਾ ਵੱਧ ਹਨ, ਜੋ ਤੁਸੀਂ ਉਸਦੀ ਨਸਬੰਦੀ ਨਾ ਕਰਵਾਉਣ ਨੂੰ ਲੈ ਕੇ ਸੋਚ ਸਕਦੇ ਹੋ।

ਰਵਾਇਤੀ ਤੌਰ 'ਤੇ ਬਿੱਲੀਆਂ ਦੀ ਨਸਬੰਦੀ 6 ਮਹੀਨੇ ਜਾਂ ਉਸ ਤੋਂ ਵੱਧ ਉਮਰ ਵਿੱਚ ਕੀਤੀ ਜਾਂਦੀ ਸੀ, ਪਰ ਹੁਣ ਸਾਨੂੰ ਪਤਾ ਹੈ ਕਿ ਉਹ 16 ਹਫ਼ਤਿਆਂ ਦੀ ਉਮਰ ਵਿੱਚ ਵੀ ਗਰਭਵਤੀ ਹੋ ਸਕਦੀਆਂ ਹਨ, ਇਸ ਲਈ 4 ਮਹੀਨੇ ਦੀ ਉਮਰ ਤੋਂ ਹੀ ਉਸਦੀ ਨਸਬੰਦੀ ਕਰਾਈ ਜਾ ਸਕਦੀ ਹੈ। ਇਹ ਸਾਬਤ ਹੋ ਚੁੱਕਾ ਹੈ ਕਿ ਇਹ 6 ਮਹੀਨਿਆਂ ਜਿੰਨਾ ਹੀ ਸੁਰੱਖਿਅਤ ਹੈ ਅਤੇ ਇਸ ਨਾਲ ਬਲੂੰਗੜਿਆਂ ਦੇ ਬਲੂੰਗੜੇ ਹੋਣ ਤੋਂ ਬਚਾਅ ਹੁੰਦਾ ਹੈ!

ਆਪਣੀ ਬਿੱਲੀ ਦੀ ਨਸਬੰਦੀ ਕਰਵਾਉਣ ਨਾਲ ਉਸਦੀ ਘੁੰਮਣ-ਫਿਰਣ ਅਤੇ ਹੋਰ ਬਿੱਲੀਆਂ ਨਾਲ ਲੜਨ ਦੀ ਆਦਤ ਘਟੇਗੀ, ਜਿਸ ਨਾਲ ਬਿਮਾਰੀਆਂ ਦਾ ਖ਼ਤਰਾ ਅਤੇ ਵਾਹਨ ਨਾਲ ਟੱਕਰ ਕਾਰਨ ਬਿੱਲੀ ਦੇ ਮਰਨ ਦਾ ਜ਼ੋਖਮ ਕਾਫ਼ੀ ਘੱਟ ਜਾਵੇਗਾ।

ਸਭ ਤੋਂ ਮਹੱਤਵਪੂਰਨ ਗੱਲ, ਆਪਣੀ ਬਿੱਲੀ ਦੀ ਨਸਬੰਦੀ ਕਰਵਾਉਣਾ ਆਸਟ੍ਰੇਲੀਆ ਵਿੱਚ ਹਰ ਸਾਲ ਮਾਰੇ ਜਾਣ ਵਾਲੇ ਜੰਗਲੀ ਜੀਵਾਂ ਦੀ ਗਿਣਤੀ ਨੂੰ ਸਿੱਧੇ ਅਤੇ ਅਸਿੱਧੇ ਤੌਰ 'ਤੇ ਘਟਾਉਣ ਵਿੱਚ ਮੱਦਦ ਕਰੇਗਾ, ਕਿਉਂਕਿ ਇਸ ਨਾਲ ਘੁੰਮਣ ਵਾਲੀਆਂ ਪਾਲਤੂ ਬਿੱਲੀਆਂ ਅਤੇ ਆਵਾਰਾ ਬਿੱਲੀਆਂ ਦੀ ਗਿਣਤੀ ਘੱਟ ਜਾਵੇਗੀ।

## ਮਾਦਾ ਬਿੱਲੀਆਂ:

ਬਿੱਲੀਆਂ ਸਿਰਫ਼ 4 ਮਹੀਨੇ ਦੀ ਛੋਟੀ ਉਮਰ ਤੋਂ ਹੀ ਗਰਭਵਤੀ ਹੋ ਸਕਦੀਆਂ ਹਨ। ਅਣਚਾਹੀਆਂ ਗਰਭ-ਅਵਸਥਾਵਾਂ ਨੂੰ ਘੱਟ ਕਰਨ ਦੇ ਸਪੱਸ਼ਟ ਲਾਭ ਤੋਂ ਇਲਾਵਾ, ਮਾਦਾ ਬਿੱਲੀ ਦੀ ਨਸਬੰਦੀ ਕਰਨ ਨਾਲ ਉਸਨੂੰ ਜੀਵਨ ਦੇ ਬਾਅਦ ਵਾਲੇ ਸਮੇਂ ਵਿੱਚ ਛਾਤੀ ਦਾ ਕੈਂਸਰ ਅਤੇ ਪਾਈਓਮੈਟਰਾ (ਬੱਚੇਦਾਨੀ ਦੇ ਇੰਫੈਕਸ਼ਨ) ਹੋਣ ਦੀ ਸੰਭਾਵਨਾ ਕਾਫ਼ੀ ਘੱਟ ਹੁੰਦੀ ਹੈ। ਇਹ FIV (ਬਿੱਲੀ ਦੇ ਇਮਿਊਨੋਡਿਫ਼ੀਸ਼ੈਂਸੀ ਵਾਇਰਸ) ਦੇ ਖ਼ਤਰੇ ਨੂੰ ਵੀ ਘੱਟ ਕਰਨ ਵਿੱਚ ਮੱਦਦ ਕਰ ਸਕਦੀ ਹੈ।


## ਨਰ ਬਿੱਲੀਆਂ:

ਆਪਣੀ ਨਰ ਬਿੱਲੀ ਦੀ ਨਸਬੰਦੀ ਕਰਵਾਉਣਾ ਪਿਸ਼ਾਬ ਛਿੜਕਣ ਵਰਗੀਆਂ ਸਮੱਸਿਆਜਨਕ ਆਦਤਾਂ ਅਤੇ ਹੋਰ ਇਲਾਕਾਈ ਵਿਵਹਾਰਾਂ ਨੂੰ ਘੱਟ ਕਰਨ ਵਿੱਚ ਮਦਦਗਾਰ ਹੁੰਦਾ ਹੈ, ਜਿਵੇਂ ਹੋਰ ਘੁੰਮਦੀਆਂ ਬਿੱਲੀਆਂ ਨਾਲ ਲੜਾਈ ਕਰਨਾ। ਇਹ ਕੁੱਝ ਕਿਸਮਾਂ ਦੇ ਕੈਂਸਰਾਂ ਅਤੇ ਪ੍ਰੋਸਟੇਟ ਦੇ ਵੱਡਾ ਹੋਣ ਦੇ ਖ਼ਤਰੇ ਨੂੰ ਵੀ ਪੂਰੀ ਤਰ੍ਹਾਂ ਖ਼ਤਮ ਜਾਂ ਕਾਫ਼ੀ ਘੱਟ ਕਰ ਸਕਦਾ ਹੈ।

## ਇਸ ਵਿੱਚ ਕੀ ਖ਼ਤਰੇ ਹਨ?

ਹਾਲਾਂਕਿ ਨਸਬੰਦੀ ਨਾਲ ਕੋਈ ਲੰਬੇ ਸਮੇਂ ਦੇ ਖ਼ਤਰੇ ਜੁੜੇ ਹੋਏ ਨਹੀਂ ਹੁੰਦੇ ਹਨ, ਪਰ ਹਰ ਸਰਜਰੀ ਵਿੱਚ ਬੇਹੋਸ਼ੀ ਦੀ ਦਵਾਈ (ਅਨੱਸਥੀਸੀਆ) ਅਤੇ ਓਪਰੇਸ਼ਨ ਨਾਲ ਜੁੜੇ ਕੁੱਝ ਖ਼ਤਰੇ ਹੁੰਦੇ ਹਨ। ਕਿਸੇ ਵੀ ਮੈਡੀਕਲ ਪ੍ਰਕਿਰਿਆ ਬਾਰੇ ਸੋਚਣ ਤੋਂ ਪਹਿਲਾਂ ਹਮੇਸ਼ਾਂ ਆਪਣੇ ਵੈੱਟ ਨਾਲ ਸਲਾਹ ਕਰੋ।





# ਟੀਕਾਕਰਨ ਅਤੇ ਬਿਮਾਰੀਆਂ

ਟੀਕਾਕਰਨ ਤੁਹਾਡੀ ਬਿੱਲੀ ਨੂੰ ਸਿਹਤਮੰਦ ਰੱਖਣ ਅਤੇ ਕੁੱਝ ਬਿਮਾਰੀਆਂ ਤੋਂ ਸੁਰੱਖਿਆ ਪ੍ਰਦਾਨ ਕਰਨ ਵਿੱਚ ਬਹੁਤ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ।

ਤੁਹਾਡੀ ਬਿੱਲੀ ਨੂੰ ਆਪਣਾ ਪਹਿਲਾ ਟੀਕਾਕਰਨ 8 ਹਫ਼ਤਿਆਂ ਦੀ ਉਮਰ ਤੱਕ ਲੱਗਣਾ ਚਾਹੀਦਾ ਹੈ, ਫਿਰ ਦੁਬਾਰਾ 12 ਹਫ਼ਤਿਆਂ, 16 ਹਫ਼ਤਿਆਂ 'ਤੇ ਅਤੇ ਉਸ ਤੋਂ ਬਾਅਦ ਹਰ ਸਾਲ ਲੱਗਣਾ ਚਾਹੀਦਾ ਹੈ। ਇਹ ਬਿਮਾਰੀਆਂ ਨਾਲ ਲੜਨ ਦੀ ਸਮਰੱਥਾ ਦੀ ਮਿਆਦ 'ਤੇ ਨਿਰਭਰ ਕਰਦਾ ਹੈ, ਜੋ ਹਰ ਬਿੱਲੀ ਦੇ ਹਾਲਾਤਾਂ ਅਨੁਸਾਰ ਵੱਖ-ਵੱਖ ਹੋ ਸਕਦੀ ਹੈ। **ਆਪਣੀ ਬਿੱਲੀ ਲਈ ਟੀਕਾਕਰਨ ਪ੍ਰੋਗਰਾਮ ਦੀ ਪੁਸ਼ਟੀ ਕਰਨ ਲਈ ਹਮੇਸ਼ਾ ਆਪਣੇ ਵੈੱਟ ਨਾਲ ਸੰਪਰਕ ਕਰੋ।**

ਟੀਕੇ ਤੁਹਾਡੀ ਬਿੱਲੀ ਨੂੰ ਕਈ ਜਾਨਲੇਵਾ ਵਾਇਰਲ ਬਿਮਾਰੀਆਂ ਅਤੇ ਬੈਕਟੀਰੀਆ ਦੀਆਂ ਲਾਗਾਂ ਤੋਂ ਬਚਾ ਸਕਦੇ ਹਨ। ਹੇਠਾਂ ਕੁੱਝ ਅਜਿਹੀਆਂ ਬਿਮਾਰੀਆਂ ਅਤੇ ਲੱਛਣ ਦਿੱਤੇ ਗਏ ਹਨ, ਜਿਨ੍ਹਾਂ ਬਾਰੇ ਜਾਣੂ ਹੋਣਾ ਜ਼ਰੂਰੀ ਹੈ।

- ਫੀਲਾਈਨ ਐਂਟਰਾਈਟਿਸ (ਫੀਲਾਈਨ ਪੈਨਲਿਊਕੋਪੇਨੀਆ ਵਾਇਰਸ)
- ਕੈਟ ਫ਼ਲੂ (ਫੀਲਾਈਨ ਹਰਪੀਜ਼ ਵਾਇਰਸ ਅਤੇ ਫੀਲਾਈਨ ਕੈਲੀਸਿਵਾਇਰਸ)
- ਫੀਲਾਈਨ ਇਮਿਊਨੋਡਿਫ਼ੀਸ਼ੈਂਸੀ ਵਾਇਰਸ (FIV)



## ਫੀਲਾਈਨ ਐਂਟਰਾਈਟਿਸ

ਫੀਲਾਈਨ ਇੰਫੈਕਸ਼ੀਅਸ ਐਂਟਰਾਈਟਿਸ (FIE) ਇਕ ਸੰਭਾਵੀ ਜਾਨਲੇਵਾ ਬਿਮਾਰੀ ਹੈ, ਜੋ ਫੀਲਾਈਨ ਪਾਰਵੋਵਾਇਰਸ (FPV) ਦੀ ਲਾਗ ਕਾਰਨ ਹੁੰਦੀ ਹੈ। ਇਸਦੀ ਮੌਤ ਦਰ ਕਾਫ਼ੀ ਉੱਚੀ ਹੁੰਦੀ ਹੈ। ਫੀਲਾਈਨ ਪਾਰਵੋਵਾਇਰਸ ਬਹੁਤ ਜ਼ਿਆਦਾ ਛੂਤਕਾਰੀ ਹੈ, ਬਹੁਤ ਸਾਰੇ ਕੀਟਾਣੂਨਾਸ਼ਕਾਂ ਪ੍ਰਤੀ ਰੋਧਕ ਹੈ ਅਤੇ ਵਾਤਾਵਰਣ ਵਿੱਚ ਲੰਬੇ ਸਮੇਂ ਤੱਕ ਜੀਉਂਦਾ ਰਹਿਣ ਦੇ ਯੋਗ ਹੈ, ਜਿਸ ਨਾਲ ਹੋਰ ਬਿੱਲੀਆਂ ਨੂੰ ਲਾਗ ਲੱਗਣ ਦਾ ਖ਼ਤਰਾ ਹੁੰਦਾ ਹੈ।

ਫੀਲਾਈਨ ਐਂਟਰਾਈਟਿਸ ਸਿੱਧੇ ਤੌਰ 'ਤੇ ਮਲ-ਦੇ-ਮੂੰਹ ਨਾਲ ਸੰਪਰਕ ਰਾਹੀਂ ਜਾਂ ਅਸਿੱਧੇ ਤੌਰ 'ਤੇ ਵਾਤਾਵਰਣ ਜਾਂ ਸਤ੍ਹਾ ਦੇ ਸੰਪਰਕ ਰਾਹੀਂ ਫ਼ੈਲ ਸਕਦਾ ਹੈ।

ਇਸ ਨਾਲ ਪ੍ਰਭਾਵਿਤ ਬਿੱਲੀਆਂ ਵਿੱਚ ਅਚਾਨਕ ਹੀ ਖ਼ੂਨ ਵਾਲੀ ਉਲਟੀ ਅਤੇ ਦਸਤ ਸ਼ੁਰੂ ਹੋ ਜਾਂਦੇ ਹਨ। ਬਹੁਤ ਸਾਰੀਆਂ ਬਿੱਲੀਆਂ ਤੇਜ਼ੀ ਨਾਲ ਮਰ ਜਾਂਦੀਆਂ ਹਨ। ਗਰਭਵਤੀ ਬਿੱਲੀਆਂ ਆਪਣੇ ਅਣਜੰਮੇ ਬਲੂੰਗੜਿਆਂ ਨੂੰ ਵੀ ਇਹ ਵਾਇਰਸ ਦੇ ਸਕਦੀਆਂ ਹਨ, ਜਿਸ ਨਾਲ ਦਿਮਾਗ ਦੇ ਵਿਕਾਸ ਵਿੱਚ ਸਮੱਸਿਆਵਾਂ ਪੈਦਾ ਹੋ ਸਕਦੀਆਂ ਹਨ।

ਫੀਲਾਈਨ ਐਂਟਰਾਈਟਿਸ ਦਾ ਕੋਈ ਖ਼ਾਸ ਇਲਾਜ ਉਪਲਬਧ ਨਹੀਂ ਹੈ। ਇਸ ਬਿਮਾਰੀ ਤੋਂ ਪ੍ਰਭਾਵਿਤ ਬਿੱਲੀਆਂ ਦੀ ਵੱਡੀ ਗਿਣਤੀ ਇਸ ਬਿਮਾਰੀ ਕਾਰਨ ਮਰ ਜਾਂਦੀ ਹੈ।

ਬਚਾਅ ਇਲਾਜ ਨਾਲੋਂ ਬਿਹਤਰ ਹੈ ਅਤੇ ਵਾਇਰਸ ਦੇ ਖ਼ਿਲਾਫ਼ ਰੋਗ-ਪ੍ਰਤੀਰੋਧਕ ਸਮਰੱਥਾ ਬਣਾਈ ਰੱਖਣ ਲਈ ਬਿੱਲੀ ਦੇ ਜੀਵਨਕਾਲ ਦੌਰਾਨ ਨਿਯਮਿਤ ਟੀਕਾਕਰਨ ਕਰਵਾਉਣਾ ਲਾਜ਼ਮੀ ਹੈ।

## ਕੈਟ ਫ਼ਲੂ (ਬਿੱਲੀਆਂ ਦੇ ਸਾਹ ਨਾਲੀ ਦੇ ਉੱਪਰਲੇ ਹਿੱਸੇ ਦੀ ਲਾਗ)

ਕੈਟ ਫ਼ਲੂ ਬਿੱਲੀਆਂ ਵਿੱਚ ਹੋਣ ਵਾਲੀ ਇੱਕ ਆਮ ਬਿਮਾਰੀ ਹੈ। ਇਹ ਬਹੁਤ ਗੰਭੀਰ ਹੋ ਸਕਦਾ ਹੈ ਅਤੇ ਇਸ ਦੇ ਖਿਲਾਫ਼ ਟੀਕਾਕਰਨ ਕਰਵਾਉਣਾ ਲਾਜ਼ਮੀ ਹੈ। ਇਹ ਸਾਹ ਨਾਲੀ ਦੇ ਉੱਪਰਲੇ ਹਿੱਸੇ (ਨੱਕ, ਗਲੇ ਅਤੇ ਸਾਈਨਸ) ਨੂੰ ਨਿਸ਼ਾਨਾ ਬਣਾਉਂਦਾ ਹੈ ਅਤੇ ਛਿੱਕਾਂ, ਖੰਘ, ਅੱਖਾਂ ਵਿੱਚ ਧੁੰਦਲਾਪਨ, ਡਿਸਚਾਰਜ, ਨੱਕ ਅਤੇ ਮੂੰਹ ਵਿੱਚ ਛਾਲੇ, ਬੁਖ਼ਾਰ ਅਤੇ ਭੁੱਖ ਘੱਟ ਹੋਣ ਦਾ ਕਾਰਨ ਬਣ ਸਕਦਾ ਹੈ। ਛੋਟੇ ਬਲੂੰਗੜਿਆਂ, ਬਜ਼ੁਰਗ ਬਿੱਲੀਆਂ, ਇਮਿਊਨੋਸਪ੍ਰੈੱਸਡ ਅਤੇ ਬਿਨਾਂ ਟੀਕਾਕਰਨ ਵਾਲੀਆਂ ਬਿੱਲੀਆਂ ਵਿੱਚ, ਕੈਟ ਫ਼ਲੂ ਜਾਨਲੇਵਾ ਹੋ ਸਕਦਾ ਹੈ।

# ਫੀਲਾਈਨ ਇਮਿਊਨੋਡਿਫ਼ੀਸ਼ੈਂਸੀ ਵਾਇਰਸ (FIV)

ਇਹ ਬਿਮਾਰੀ ਰੋਗ-ਪ੍ਰਤੀਰੋਧਕ ਸਮਰੱਥਾ ਵਿੱਚ ਵਿਘਨ ਪਾਉਂਦੀ ਹੈ ਅਤੇ ਸੰਭਾਵੀ ਤੌਰ 'ਤੇ ਮਾਰੂ ਹੋ ਸਕਦੀ ਹੈ।

FIV ਆਮ ਤੌਰ 'ਤੇ ਕੱਟਣ ਰਾਹੀਂ ਫ਼ੈਲਦਾ ਹੈ ਅਤੇ ਇਹ ਇੱਕ ਮਾਂ ਬਣੀ ਬਿੱਲੀ ਦੁਆਰਾ ਆਪਣੇ ਬਲੂੰਗੜਿਆਂ ਨੂੰ ਗਰਭ ਜਾਂ ਦੁੱਧ ਰਾਹੀਂ ਵੀ ਅੱਗੇ ਸੰਚਾਰਿਤ ਕੀਤਾ ਜਾ ਸਕਦਾ ਹੈ। ਬਾਹਰ ਰਹਿਣ ਵਾਲੀਆਂ ਬਿੱਲੀਆਂ ਵਿੱਚ ਹੋਰ ਬਿੱਲੀਆਂ ਨਾਲ ਸੰਪਰਕ ਰਾਹੀਂ ਅਤੇ ਲੜਾਈ ਰਾਹੀਂ ਇਸ ਨਾਲ ਪ੍ਰਭਾਵਿਤ ਹੋਣ ਦਾ ਸਭ ਤੋਂ ਵੱਧ ਖ਼ਤਰਾ ਹੁੰਦਾ ਹੈ।

ਬਹੁਤ ਸਾਰੀਆਂ ਬਿੱਲੀਆਂ ਨੂੰ ਇਹ ਲਾਗ ਹੋ ਸਕਦੀਆਂ ਹਨ ਪਰ ਉਹ ਕਈ ਸਾਲਾਂ ਤੱਕ ਕੋਈ ਲੱਛਣ ਨਹੀਂ ਦਿਖਾਉਂਦੀਆਂ ਹਨ।

**ਲੱਛਣਾਂ ਵਿੱਚ ਸ਼ਾਮਲ ਹੁੰਦੇ ਹਨ:**

- ਬੁਖ਼ਾਰ
- ਭੁੱਖ ਨਾ ਲੱਗਣਾ
- ਭਾਰ ਘੱਟਣਾ
- ਲਗਾਤਾਰ ਦਸਤ, ਉਲਟੀਆਂ ਅਤੇ ਖ਼ੂਨ ਦੀ ਕਮੀ (ਐਨੀਮੀਆ)
- ਸਾਹ-ਸੰਬੰਧੀ, ਪਿਸ਼ਾਬ ਅਤੇ ਚਮੜੀ ਦੇ ਇਨਫੈਕਸ਼ਨ
- ਨਰਵਸ ਸਿਸਟਮ ਦੀਆਂ ਸਮੱਸਿਆਵਾਂ
- ਆਲਸ
- ਲਿੰਫ਼ ਨੋਡਜ਼ ਸੁੱਜਣਾ
- ਡਿਪਰੈਸ਼ਨ
- ਡਰਮੇਟਾਇਟਸ (ਚਮੜੀ ਦੀ ਬਿਮਾਰੀ)
- ਮੂੰਹ ਅਤੇ ਮਸੂੜਿਆਂ ਦੀ ਬਿਮਾਰੀ
- ਵਿਵਹਾਰ ਵਿੱਚ ਤਬਦੀਲੀ

ਜਿਵੇਂ-ਜਿਵੇਂ ਇਹ ਬਿਮਾਰੀ ਵੱਧਦੀ ਜਾਂਦੀ ਹੈ, ਬਿੱਲੀ ਦੀ ਰੋਗ-ਪ੍ਰਤੀਰੋਧਕ ਸਮਰੱਥਾ ਹੋਰ ਇਨਫੈਕਸ਼ਨਾਂ ਜਾਂ ਬਿਮਾਰੀਆਂ ਨਾਲ ਲੜਨ ਲਈ ਬਹੁਤ ਕਮਜ਼ੋਰ ਹੋ ਜਾਂਦੀ ਹੈ, ਅਤੇ ਨਤੀਜੇ ਵਜੋਂ ਬਿੱਲੀ ਅਕਸਰ ਆਖ਼ਿਰਕਾਰ ਇਨ੍ਹਾਂ ਵਿੱਚੋਂ ਕਿਸੇ ਇੱਕ ਇਨਫੈਕਸ਼ਨ ਕਾਰਨ ਮਰ ਜਾਵੇਗੀ। FIV ਤੁਹਾਡੀ ਬਿੱਲੀ ਵਿੱਚ ਕੈਂਸਰ ਹੋਣ ਦਾ ਕਾਰਨ ਵੀ ਬਣ ਸਕਦਾ ਹੈ।

ਜੇਕਰ ਤੁਹਾਨੂੰ ਸ਼ੱਕ ਹੈ ਕਿ ਤੁਹਾਡੀ ਬਿੱਲੀ ਇਸ ਨਾਲ ਪ੍ਰਭਾਵਿਤ ਹੋ ਗਈ ਹੈ, ਤਾਂ ਇਸਨੂੰ ਤੁਰੰਤ ਆਪਣੇ ਵੈੱਟ ਕੋਲ ਲੈ ਜਾਓ।

# ਪਰਜੀਵੀਆਂ ਤੋਂ ਬਚਾਅ:

ਬਾਹਰ ਰਹਿਣ ਵਾਲੀਆਂ ਬਿੱਲੀਆਂ ਨੂੰ ਪਿੱਸੂ, ਚਿੱਚੜ, ਮਾਈਟ, ਕੀੜੇ ਆਦਿ ਤੋਂ ਸੰਕਰਮਿਤ ਹੋਣ ਦਾ ਖ਼ਤਰਾ ਵੱਧ ਹੁੰਦਾ ਹੈ। ਇਹ ਜਾਨਵਰਾਂ ਦੀ ਸਿਹਤ (ਕਈ ਵਾਰ ਅਧਰੰਗ ਕਰਨ ਵਾਲੇ ਚਿੱਚੜਾਂ/ ਪੈਰਾਲਿਸਿਸ ਟਿੱਕਸ ਦੇ ਮਾਮਲੇ ਵਿੱਚ ਜਾਨਲੇਵਾ) ਅਤੇ ਮਨੁੱਖੀ ਸਿਹਤ ਦੋਵਾਂ ਲਈ ਖ਼ਤਰਾ ਪੈਦਾ ਕਰਦੇ ਹਨ - ਖ਼ਾਸ ਕਰਕੇ ਬੱਚਿਆਂ ਅਤੇ ਘੱਟ ਰੋਗ-ਪ੍ਰਤੀਰੋਧਕ ਸਮਰੱਥਾ ਵਾਲੇ ਲੋਕਾਂ (ਦੱਦ, ਢਿੱਡ ਦੇ ਕੀੜਿਆਂ, ਖੁਰਕ) ਦੇ ਸੰਬੰਧ ਵਿੱਚ ਜ਼ੂਨੋਟਿਕ ਖ਼ਤਰਾ (ਪਸ਼ੂਆਂ ਤੋਂ ਇਨਸਾਨਾਂ ਨੂੰ ਬਿਮਾਰੀਆਂ ਲੱਗਣ ਦਾ ਖ਼ਤਰਾ)।

ਹੇਠਾਂ ਦਿੱਤੇ ਰੋਕਥਾਮ ਉਪਾਵਾਂ ਦੇ ਸੁਮੇਲ ਦੀ ਸਿਫਾਰਸ਼ ਕੀਤੀ ਜਾਂਦੀ ਹੈ:

- ਸਮੇਂ-ਸਮੇਂ 'ਤੇ ਕੀੜੇ ਕੱਢਣ ਵਾਲੀਆਂ ਅਤੇ ਪਿੱਸੂ/ਚਿੱਚੜ ਮਾਰਨ ਦੀਆਂ ਦਵਾਈਆਂ ਦੇਣਾ
- ਚੰਗੀਆਂ ਸਫ਼ਾਈ ਦੀਆਂ ਆਦਤਾਂ ਅਤੇ ਸਾਫ਼-ਸੁਥਰੇ ਵਾਤਾਵਰਣ ਨੂੰ ਬਣਾਈ ਰੱਖਣਾ
- ਪਰਜੀਵੀਆਂ ਨੂੰ ਫ਼ੈਲਣ ਤੋਂ ਰੋਕਣ ਵਿੱਚ ਮੱਦਦ ਕਰਨ ਲਈ ਲਿਟਰ ਬਾਕਸ ਨੂੰ ਸਮੇਂ-ਸਮੇਂ 'ਤੇ ਸਾਫ਼ ਕਰਨਾ
- ਆਪਣੀ ਜਾਇਦਾਦ 'ਤੇ ਚੂਹਿਆਂ ਦੀ ਗਿਣਤੀ 'ਤੇ ਕੰਟਰੋਲ ਰੱਖਣਾ ਤਾਂ ਜੋ ਬਿੱਲੀ ਤੱਕ ਪਰਜੀਵੀਆਂ ਦੇ ਪਹੁੰਚਣ ਦੇ ਖ਼ਤਰੇ ਨੂੰ ਘੱਟ ਕੀਤਾ ਜਾ ਸਕੇ
- ਤੁਹਾਡੇ ਵੈੱਟ ਦੁਆਰਾ ਸਿਫ਼ਾਰਸ਼ ਕੀਤੇ ਅਨੁਸਾਰ ਨਿਯਮਤ ਸਿਹਤ ਜਾਂਚਾਂ ਕਰਵਾਉਣਾ

**ਮਹੱਤਵਪੂਰਨ: ਬਿਮਾਰੀਆਂ ਦੀ ਇਹ ਸੂਚੀ ਉਨ੍ਹਾਂ ਸਾਰੀਆਂ ਬਿਮਾਰੀਆਂ ਦੀ ਪੂਰੀ ਸੂਚੀ ਨਹੀਂ ਹੈ ਜੋ ਤੁਹਾਡੀ ਬਿੱਲੀ ਨੂੰ ਲੱਗਣ ਦਾ ਜ਼ੋਖਮ ਹੋ ਸਕਦਾ ਹੈ। ਉਪਰ ਦਿੱਤੇ ਲੱਛਣਾਂ ਤੋਂ ਇਲਾਵਾ ਹੋਰ ਲੱਛਣ ਵੀ ਮੌਜੂਦ ਹੋ ਸਕਦੇ ਹਨ।**

**ਇਹ ਯਕੀਨੀ ਬਣਾਓ ਕਿ ਤੁਸੀਂ ਸਮੇਂ-ਸਮੇਂ 'ਤੇ ਸਿਹਤ ਜਾਂਚਾਂ ਕਰਵਾ ਰਹੇ ਹੋ ਅਤੇ ਤੁਹਾਡੀ ਬਿੱਲੀ ਜਿਨ੍ਹਾਂ ਬਿਮਾਰੀਆਂ ਅਤੇ ਇਨਫੈਕਸ਼ਨਾਂ ਲਈ ਸੰਵੇਦਨਸ਼ੀਲ ਹੋ ਸਕਦੀ ਹੈ, ਉਹਨਾਂ ਬਾਰੇ ਜਾਣਕਾਰੀ ਲਈ ਆਪਣੇ ਵੈੱਟ ਨਾਲ ਸਲਾਹ ਕਰੋ। ਜੇਕਰ ਤੁਹਾਨੂੰ ਸ਼ੱਕ ਹੈ ਕਿ ਤੁਹਾਡੀ ਬਿੱਲੀ ਬਿਮਾਰ ਹੈ, ਤਾਂ ਬਿਨਾਂ ਦੇਰੀ ਕੀਤੇ ਡਾਕਟਰੀ ਸਲਾਹ ਲਓ।**



# ਸਮੁੱਚੀ ਤੰਦਰੁਸਤੀ

ਇੱਕ ਅਜਿਹਾ ਸਥਾਨ ਬਣਾਓ ਜਿੱਥੇ ਤੁਹਾਡੀ ਬਿੱਲੀ ਸੁਰੱਖਿਅਤ ਅਤੇ ਖੁਸ਼ ਮਹਿਸੂਸ ਕਰੇ। ਖੋਜ ਦਿਖਾਉਂਦੀ ਹੈ ਕਿ ਮਾਨਸਿਕ ਅਤੇ ਸਰੀਰਕ ਤੌਰ 'ਤੇ ਉਤਸ਼ਾਹਿਤ ਬਿੱਲੀ ਵਧੇਰੇ ਖੁਸ਼ ਅਤੇ ਸਿਹਤਮੰਦ ਰਹਿੰਦੀ ਹੈ ਅਤੇ ਇਸ ਨਾਲ ਉਹ ਜ਼ਿਆਦਾ ਦੇਰ ਤੱਕ ਜੀ ਵੀ ਸਕਦੀ ਹੈ।

ਬਿੱਲੀਆਂ ਨੂੰ ਆਪਣੇ ਮਾਨਸਿਕ ਸੰਤੁਲਨ ਅਤੇ ਵਿਵਹਾਰਕ ਪਰਿਪੱਕਤਾ ਲਈ ਰੋਜ਼ਾਨਾ ਗਤੀਵਿਧੀਆਂ ਅਤੇ ਉਤੇਜਨਾ ਦੀ ਲੋੜ ਹੁੰਦੀ ਹੈ। ਖੇਡਣ ਦਾ ਸਮਾਂ ਇਕ ਚਿੰਤਤ ਬਿੱਲੀ ਨੂੰ ਆਤਮ-ਵਿਸ਼ਵਾਸੀ ਮਹਿਸੂਸ ਕਰਵਾ ਸਕਦਾ ਹੈ ਅਤੇ ਖਿੱਝੀ ਹੋਈ ਬਿੱਲੀ ਨੂੰ ਘੱਟ ਗੁੱਸੇਖੋਰ ਬਣਾ ਸਕਦਾ ਹੈ।

ਤੁਹਾਡੀ ਬਿੱਲੀ ਦਾ ਮਨੋਰੰਜਨ ਕਰਨ ਅਤੇ ਉਸਨੂੰ ਉਤਸ਼ਾਹਿਤ ਰੱਖਣ ਲਈ ਕਈ ਤਰ੍ਹਾਂ ਦੀਆਂ ਮਨੋਰੰਜਕ ਅਤੇ ਉਤਸ਼ਾਹਿਕ ਗਤੀਵਿਧੀਆਂ ਉਪਲਬਧ ਹਨ। ਇਨ੍ਹਾਂ ਵਿੱਚ ਖਿਡੌਣੇ, ਗੇਂਦਾਂ, ਪਜ਼ਲ ਫੀਡਰ, ਨਹੁੰਦਰਾਂ ਮਾਰਨ ਜਾਂ ਖੁਰਕਣ ਵਾਲੇ ਸਟੈਂਡ, ਚੜ੍ਹਨ ਵਾਲੇ ਟਾਵਰ ਅਤੇ ਪੌੜੀਆਂ ਸ਼ਾਮਲ ਹਨ।

ਬਿੱਲੀਆਂ ਨੂੰ ਲਾਜ਼ਮੀ ਤੌਰ 'ਤੇ ਨਹੁੰਦਰਾਂ ਮਾਰਨ ਜਾਂ ਖੁਰਕਣ ਦੀ ਲੋੜ ਹੁੰਦੀ ਹੈ। ਨਹੁੰਦਰਾਂ ਮਾਰਨ ਜਾਂ ਖੁਰਕਣਾ ਇੱਕ ਕੁਦਰਤੀ ਸੁਭਾਅ ਹੈ, ਅਤੇ ਜੇਕਰ ਖੁਰਕਣ ਲਈ ਉਚਿਤ ਚੀਜ਼ਾਂ ਜਾਂ ਥਾਵਾਂ ਉਪਲਬਧ ਨਾ ਹੋਣ ਤਾਂ ਇਸ ਨਾਲ ਫਰਨੀਚਰ ਅਤੇ ਕਾਰਪੇਟ ਨਸ਼ਟ ਹੋ ਸਕਦੇ ਹਨ। ਬਿੱਲੀ ਦੇ ਜ਼ਿੰਮੇਵਾਰ ਮਾਲਕ ਹੋਣ ਦਾ ਇੱਕ ਹਿੱਸਾ ਇਹ ਯਕੀਨੀ ਬਣਾਉਣਾ ਹੈ ਕਿ ਵਾਤਾਵਰਣ ਤੁਹਾਡੀ ਬਿੱਲੀ ਨੂੰ ਇਸ ਕੁਦਰਤੀ ਅਤੇ ਬਹੁਤ ਮਹੱਤਵਪੂਰਨ ਵਿਵਹਾਰ ਵਿੱਚ ਹਿੱਸਾ ਲੈਣ ਦੀ ਸਮਰੱਥਾ ਦਿੰਦਾ ਹੋਵੇ।

ਇਹ ਯਕੀਨੀ ਬਣਾਓ ਕਿ ਤੁਹਾਡੀ ਬਿੱਲੀ ਦਾ ਬਾਹਰੀ ਪਿੰਜਰਾ ਉਸ ਦੀਆਂ ਵਾਤਾਵਰਣ ਸੰਬੰਧੀ ਅਤੇ ਵਿਵਹਾਰਕ ਲੋੜਾਂ ਅਨੁਸਾਰ ਸੈੱਟ ਕੀਤਾ ਗਿਆ ਹੈ। ਇਹ ਲੋੜਾਂ ਉਸਦੀ ਉਮਰ, ਸ਼ਖਸੀਅਤ, ਅਤੇ ਆਰਾਮ, ਖੇਡਣ ਅਤੇ ਮਨੋਰੰਜਨ ਅਤੇ ਉਤਸ਼ਾਹਿਤ ਹੋਣ ਦੀ ਮੁੱਢਲੀ ਲੋੜ ਦੇ ਆਲੇ-ਦੁਆਲੇ ਕੇਂਦਰਿਤ ਹੋ ਸਕਦੀਆਂ ਹਨ।

ਸਾਰੀਆਂ ਬਿੱਲੀਆਂ ਨੂੰ ਲੰਬਕਾਰੀ ਜਗ੍ਹਾ ਦੀ ਲੋੜ ਹੁੰਦੀ ਹੈ, ਇਸ ਲਈ ਯਕੀਨੀ ਬਣਾਓ ਕਿ ਉਸਦੇ ਆਲੇ-ਦੁਆਲੇ ਚੜ੍ਹਨ ਵਾਲਾ ਫਰਨੀਚਰ ਹੋਵੇ। ਉਸਨੂੰ ਮਨੋਰੰਜਿਤ ਅਤੇ ਉਤਸ਼ਾਹਿਤ ਰੱਖਣ ਲਈ ਕੁੱਝ ਖਿਡੌਣੇ ਅਤੇ ਉਸਦੇ ਕੁਦਰਤੀ ਸੁਭਾਅ ਦੀ ਲੋੜ ਨੂੰ ਪੂਰਾ ਕਰਨ ਅਤੇ ਉਸ ਲਈ ਪੰਜੇ ਤਿੱਖੇ ਰੱਖਣ ਲਈ ਨਹੁੰਦਰਾਂ ਖੁਰਚਣ ਵਾਲੇ ਸਟੈਂਡ ਰੱਖੋ।

Catnets ਕੋਲ ਤੁਹਾਡੀ ਬਿੱਲੀ ਦੀ ਖੁਸ਼ੀ ਨੂੰ ਵਧਾਉਣ ਲਈ ਤਿਆਰ ਕੀਤੇ ਗਏ ਕਈ ਕਿਸਮਾਂ ਦਾ ਬਿੱਲੀ ਵਾਲਾ ਬਾਹਰੀ ਫਰਨੀਚਰ ਹੈ ਜੋ ਇਸਨੂੰ ਖੁਰਕਣ, ਚੜ੍ਹਨ ਅਤੇ ਆਰਾਮ ਕਰਨ ਦੀ ਆਗਿਆ ਦਿੰਦਾ ਹੈ। ਸਾਰਾ ਸਾਜ਼ੋ-ਸਾਮਾਨ ਬਾਹਰ ਲਈ ਮੌਸਮ-ਰੋਧਕ ਦਰਜੇ ਵਾਲਾ ਹੈ, ਜੋ Catnets ਦੀਆਂ ਜਾਲੀਆਂ ਅਤੇ ਚੁੱਕਵੇਂ ਪਿੰਜਰਿਆਂ ਵਿੱਚ ਵਰਤੋਂ ਲਈ ਆਦਰਸ਼ ਹਨ।

**www.catnets.com.au** 'ਤੇ ਜਾਓ ਅਤੇ ਸਕਾਈਵਾਕਸ ਆਊਟਡੋਰ ਕੈਟ ਫਰਨੀਚਰ (Skywalks Outdoor Cat Furniture) ਦੀਆਂ ਕਿਸਮਾਂ ਵੇਖੋ।






# RETHINK ROAMING

## ਜਦੋਂ ਤੁਹਾਡੀ ਬਿੱਲੀ ਇੱਧਰ-ਉੱਧਰ ਫਿਰਦੀ ਹੈ, ਤਾਂ ਉਹ ਤੁਹਾਡੀ ਸੋਚ ਨਾਲੋਂ ਵੱਧ ਖ਼ਤਰੇ ਮੁੱਲ ਲੈਂਦੀ ਹੈ!

**ਬਿੱਲੀ ਵਾਲੇ ਪਿੰਜਰੇ ਨਾਲ ਆਪਣੀ ਬਿੱਲੀ ਨੂੰ ਸੁਰੱਖਿਅਤ ਰੱਖੋ ਅਤੇ ਉਸਨੂੰ ਘੁੰਮਣ ਤੋਂ ਰੋਕੋ, ਤਾਂ ਜੋ ਉਸਦੀ ਉਮਰ ਵੱਧ ਸਕੇ।**

### ਸਾਡੇ ਨਾਲ ਸੰਪਰਕ ਕਰੋ:


www.catnets.com.au

(02) 9772 0889

sales@catnets.com.au


### ਸਰੋਤ:

- www.rethinkroaming.com.au
- www.rspcavic.org
- ਕ੍ਰਿਸ ਓ'ਨੀਲ, ਕੈਟੋਲੋਜੀ - ਬਿੱਲੀ ਵਿਵਹਾਰ ਦੇ ਮਾਹਿਰ
- ਟੀਕਾਕਰਨ www.hunteranimalrescue.com.au
- ਟੀਕਾਕਰਨ www.vetvoice.com.au
- ਬਿੱਲੀਆਂ ਦੀ ਸਿਹਤ ਅਤੇ ਬਿਮਾਰੀਆਂ www.catdoctor.com.au
- ਬਿਮਾਰੀਆਂ www.vetwest.com.au
- ਮਾਈਕ੍ਰੋਚਿਪਿੰਗ ਸੰਬੰਧੀ ਵੇਰਵਿਆਂ ਲਈ RSPCA ਜਾਣਕਾਰੀ ਭੰਡਾਰ www.kb.rspca.org.au



RSPCA Victoria

Catnets